ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ..........................

Date ........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

**ਹੁਕਮ**

ਨਿਮਨਹਸਤਾਖਰ ਨੂੰ ਪੰਜਾਬ ਸਰਕਾਰ ਪਾਸੋਂ ਹਦਾਇਤਾਂ ਪ੍ਰਾਪਤ ਹੋਈਆਂ ਹਨ ਕਿ ਪਿਮਸ ਹਸਪਤਾਲ, ਜਲੰਧਰ ਦੇ ਪ੍ਰੰਬਧਕਾਂ ਨਾਲ ਰਾਬਤਾ ਕਾਇਮ ਕਰਕੇ ਕੋਰੋਨਾ ਦੇ ਮਰੀਜਾਂ ਦੇ ਇਲਾਜ ਲਈ ਪਿਮਸ ਹਸਪਤਾਲ, ਜਲੰਧਰ ਵਿਖੇ ਲੈਵਲ 3 ਫੈਸਿਲਟੀ ਮੁਹੱਈਆ ਕਰਵਾਈ ਜਾਵੇ। ਇਹਨਾਂ ਹਦਾਇਤਾਂ ਦੇ ਸਨਮੁੱਖ ਮਿਤੀ 06.07.2020 ਨੂੰ ਨਿਮਨਹਸਤਾਖਰ ਵੱਲੋ ਜਿਲ੍ਹੇ ਦੇ ਹੋਰ ਅਫਸਰਾਂ ਅਤੇ ਪਿਮਸ ਦੇ ਡਾਇਰੈਕਟਰ ਨਾਲ ਮੀਟਿੰਗ ਕਰਨ ਉਪਰੰਤ ਹੇਠ ਲਿਖੇ ਤਿੰਨ ਮੈਂਬਰਾਂ ਦੀ ਕਮੇਟੀ ਗਠਿਤ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਕਮੇਟੀ ਨੂੰ ਹਦਾਇਤ ਕੀਤੀ ਗਈ ਕਿ ਉਹ ਸਾਂਝੇ ਤੋਰ ਪਿਮਸ ਹਸਪਤਾਲ ਦਾ ਦੋਰਾ ਕਰਨ ਉਪਰੰਤ ਰਿਪੋਰਟ ਪੇਸ਼ ਕਰਨ ਕਿ ਕੀ ਪਿਮਸ ਹਸਪਤਾਲ, ਜਲੰਧਰ ਵਿਖੇ ਕੋਰਨਾ ਮਰੀਜਾਂ ਨੂੰ ਲੈਵਲ 3 ਫੈਸਿਲਟੀ ਦੇਣ ਦੇ ਪੁੱਖਤਾ ਪ੍ਰਬੰਧ ਮੋਜੂਦ ਹਨ ਜਾਂ ਨਹੀਂ? ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਲੈਵਲ 3 ਫੈਸਿਲਟੀ ਦੇਣ ਵਿੱਚ ਕਿਸੇ ਵੀ ਪ੍ਰਕਾਰ ਦੇ ਹੋਰ ਸਾਧਨਾਂ ਦੀ ਲੋੜ ਹੈ ਤਾਂ ਕਮੇਟੀ ਹਸਪਤਾਲ ਦੇ ਪ੍ਰਬੰਧਕਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਆਪਣੀ ਰਿਪੋਰਟ ਨਿਮਨਹਸਤਾਖਰ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਪੇਸ਼ ਕਰੇਗੀ।

1. ਉਪ ਮੰਡਲ ਮੈਜਿਸਟਰੇਟ, ਜਲੰਧਰ-2
2. ਸਹਾਇਕ ਸਿਵਲ ਸਰਜ਼ਨ, ਜਲੰਧਰ
3. ਡਾ. ਪ੍ਰੀਤੀ ਐਸੋਸੀਏਟ ਪ੍ਰੋਫੈਸਰ

ਜਿਲ੍ਹਾ ਮੈਜਿਸਟਰੇਟ,
ਜਲੰਧਰ।

ਨੰ:12947-50/ਐਮ.ਏ./ਐਮ.ਸੀ.4/ ਮਿਤੀ:06.07.2020

ਇਸ ਦਾ ਇੱਕ ਉਤਾਰਾ:-

1. ਉਪ ਮੰਡਲ ਮੈਜਿਸਟਰੇਟ, ਜਲੰਧਰ-2
2. ਸਹਾਇਕ ਸਿਵਲ ਸਰਜਨ, ਜਲੰਧਰ
3. ਡਾ. ਪ੍ਰੀਤੀ ਐਸੋਸੀਏਟ ਪ੍ਰੋਫੈਸਰ
4. ਡਾਇਰੈਕਟਰ, ਪਿਮਸ, ਜਲੰਧਰ।

ਨੂੰ ਸੂਚਨਾ ਤੇ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਜਲੰਧਰ।